Punjab Government Gazette

Published by Authority

No. 30] CHANDIGARH, FRIDAY, JULY 24, 2026 (SRAVANA 2, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਛਪਾਈ ਤੇ ਲਿਖਣ ਸਮੱਗਰੀ ਵਿਭਾਗ

(ਛਪਾਈ ਤੇ ਲਿਖਣ ਸਮੱਗਰੀ ਸ਼ਾਖਾ)

ਹੁਕਮ

ਸ਼੍ਰੀਮਤੀ ਜਸਪ੍ਰੀਤ ਕੌਰ, ਸੀਨੀਅਰ ਸਹਾਇਕ ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ,ਚੰਡੀਗੜ੍ਹ ਵੱਲੋਂ ਸਿਹਤ ਠੀਕ ਨਾ ਹੋਣ ਅਤੇ ਘਰੇਲੂ ਹਾਲਾਤਾਂ ਕਾਰਨ ਸਵੈ-ਇੱਛਤ ਸੇਵਾ ਨਿਵਿਰਤ ਹੋਣ ਲਈ ਮਿਤੀ 12.03.2026 ਨੂੰ ਦਿੱਤੇ ਗਏ ਨੋਟਿਸ ਨੂੰ ਵਿਚਾਰਦੇ ਹੋਏ ਪੰਜਾਬ ਸਿਵਲ ਸੇਵਾਵਾਂ (ਪੂਰਵ ਸੇਵਾ ਨਿਵਿਤਰੀ) ਨਿਯਮਾਂਵਲੀ, 1975 ਦੇ ਨਿਯਮ 3(2) ਅਧੀਨ ਕੀਤੇ ਗਏ ਉਪਬੰਧਾਂ ਦੇ ਸਨਮੁੱਖ ਹੇਠ ਦਰਸਾਈਆਂ ਸ਼ਰਤਾਂ ਤੇ ਆਧਾਰ ਤੇ ਕਰਮਚਾਰਨ ਨੂੰ ਮਿਤੀ 30.06.2026 (ਬਾ.ਦੁ) ਤੋਂ ਸਵੈ-ਇੱਛਤ ਸੇਵਾ ਨਿਵਿਰਤ ਕੀਤਾ ਜਾਂਦਾ ਹੈ:-

ੳ) ਇਸ ਕਰਮਚਾਰਨ ਵਿਰੁੱਧ ਭਵਿੱਖ ਵਿੱਚ ਜੇਕਰ ਕੋਈ ਕਰੀਮੀਨਲ, ਸਿਵਲ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਉਸ ਵਿਰੁੱਧ ਸੀ.ਐਸ.ਆਰ. ਭਾਗ-II ਦੇ ਨਿਯਮ 2.2 ਅਤੇ ਵਿੱਤ ਵਿਭਾਗ/ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਕਰਮਚਾਰਨ ਵਿਰੁੱਧ ਕੋਈ ਬਕਾਇਆ/ਰਿਕਵਰੀ ਕਿਸੇ ਸਟੇਜ ਤੇ ਸਾਹਮਣੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਸਦੀ ਗਰੈਚੂਟੀ/ਲੀਵ ਇੰਨਕੈਸ਼ਮੈਂਟ/ਪੈਨਸ਼ਨ ਵਿੱਚੋਂ ਕਰ ਲਈ ਜਾਵੇਗੀ।

ਅ) ਇਸ ਕਰਮਚਾਰਨ ਵਿਰੁੱਧ ਸਰਕਾਰ ਦੇ ਪੱਤਰ ਨੰ.PRST-8/21/2025-2PS/I/1300586/2026 ਮਿਤੀ 27.01.2026 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ,1970 ਦੇ ਨਿਯਮ 10 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ, ਲੰਬਿਤ ਕਾਰਨ ਦੱਸੋ ਨੋਟਿਸ ਵਿੱਚ ਆਉਣ ਵਾਲਾ ਅੰਤਿਮ ਫੈਸਲਾ ਕਰਮਚਾਰਨ ਤੇ ਇੰਨ-ਬਿੰਨ ਲਾਗੂ ਹੋਵੇਗਾ। ਉਕਤ ਤੋਂ ਇਲਾਵਾ ਕਰਮਚਾਰਨ ਵਿਰੁੱਧ ਮੌਜੂਦਾ ਸਮੇਂ ਜਾਂ ਬਾਅਦ ਵਿੱਚ ਕੋਈ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਜਾਂ 10 ਅਧੀਨ ਕੋਈ ਪੜਤਾਲ/ਵਿਜੀਲੈਂਸ ਪੜਤਾਲ/ਆਡਿਟ ਪੈਰ੍ਹਾਂ/ਕੋਰਟ ਕੇਸ ਜਾਂ ਵਿਭਾਗ ਦੀ ਹੋਰ ਕੋਈ ਦੇਣਦਾਰੀ ਲੰਬਿਤ ਹੋਵੇ ਤਾਂ ਉਹਨਾਂ ਨੂੰ ਮੁੱਖ ਰੱਖਦੇ ਹੋਏ, ਇਸ ਕਰਮਚਾਰਨ ਵਿਰੁੱਧ ਕਾਰਵਾਈ ਕਰਨ/ਰਿਕਵਰੀ ਕਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ।

ੲ) ਜੇਕਰ ਇਸ ਅਧਿਕਾਰੀ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਸਬੰਧ ਵਿਰੁੱਧ ਕਾਰਵਾਈ ਜਾਰੀ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਇਸ ਕਰਮਚਾਰਨ ਵਿਰੁੱਧ ਵਿਭਾਗ ਦਾ ਕੋਈ ਬਕਾਇਆ

ਆਦਿ ਲੰਬਿਤ ਹੋਵੇ ਤਾਂ ਉਸ ਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਅਤੇ ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ ਪਾਸ ਰਾਖਵਾਂ ਹੋਵੇਗਾ।

ਸ) ਇਸ ਕਰਮਚਾਰੀ ਦਾ ਪੈਨਸ਼ਨ ਸਬੰਧੀ ਇਤਰਾਜਹੀਨਤਾ ਸਰਟੀਫਿਕੇਟ ਬਾਅਦ ਵਿੱਚ ਜਾਰੀ ਕੀਤਾ ਜਾਵੇਗਾ।

2. ਇਹ ਹੁਕਮ ਮੰਤਰੀ ਇੰਚਾਰਜ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਅਮਿਤ ਢਾਕਾ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਛਪਾਈ ਤੇ ਲਿਖਣ ਸਮੱਗਰੀ ਵਿਭਾਗ

ਚੰਡੀਗੜ੍ਹ
ਮਿਤੀ 29 ਮਈ, 2026

3778/7-2026/Pb. Govt. Press, S.A.S. Nagar